ਅਧਿਆਏ-1

ਰਾਈਟ ਟੂ ਇਨਫਰਮੇਸ਼ਨ ਐਕਟ ਅਧੀਨ ਸੂਚਨਾ ਸਬੰਧੀ ਹੱਥ ਪੁਸਤਕ ਦੇ ਸਰੂਪ ।

1.1 ਕਿਰਪਾ ਕਰਕੇ ਹਥਪੁਸਤਕ ਦੀ ਪਿੱਠ ਭੂਮੀ ਬਾਰੇ ਰੋਸ਼ਨੀ ਪਾਵੋ ।
( ਸੂਚਨਾ ਅਧਿਕਾਰ ਅਧਿਨਿਯਮ -2005)

ਇਸ ਹਥਪੁਸਤਕ ਵਿੱਚ ਯਾਤਰਾ ਵਿਭਾਗ ਦੀਆਂ ਗਤੀਵਿਧੀਆਂ, ਵਿਭਾਗ ਦੀ ਰੂਪ ਰੇਖਾ, ਅਧਿਕਾਰੀਆਂ / ਕਰਮਚਾਰੀਆਂ ਦੇ ਵੇਰਵੇ, ਵਿਭਾਗ ਦੇ ਅਧੀਨ ਕੰਮ ਕਰਦੀਆਂ ਕੌਂਸਿਲ, ਕਮੇਟੀਆਂ, ਬੋਰਡ ਅਤੇ ਹੋਰ ਅਦਾਰਿਆਂ ਬਾਰੇ ਸੂਚਨਾ ਦਰਜ ਕੀਤੀ ਗਈ ਹੈ ।

| | | |
|---|---|---|
| 1.2 | ਹੱਥਪੁਸਤਕ ਦਾ ਮੰਤਵ | ਇਸ ਦਾ ਮਕਸਦ ਆਮ ਜਨਤਾ ਨੂੰ ਵਿਭਾਗ ਅਤੇ ਵਿਭਾਗ ਦੀਆਂ ਗਤੀਵਿਧੀਆਂ, ਯੋਜਨਾਵਾ ਬਾਰੇ ਸੂਚਨਾ ਦੇਣਾ ਹੈ । |
| 1.3 | ਇਸ ਹਥਪੁਸਤਕ ਨੂੰ ਕਿਸ ਵਲੋ ਵਰਤਿਆ ਜਾਣਾ ਹੈ । | ਆਮ ਜਨਤਾ ਦੀ ਵਰਤੋ ਲਈ । |
| 1.4 | ਇਸ ਹੱਥ ਪੁਸਤਕ ਵਿੱਚ ਦਰਜ ਸੰਸਥਾ ਬਾਰੇ ਸੂਚਨਾ । | ਯਾਤਰਾ ਵਿਭਾਗ ,ਪਲਾਟ ਨੰ: 03 , ਸੈਕਟਰ 38-ਏ, ਚੰਡੀਗੜ੍ਹ । |
| 1.5 | ਹੱਥ ਪੁਸਤਕ ਵਿੱਚ ਵਰਤੀਆਂ ਪਰਿਭਾਸ਼ਾਵਾਂ | ਇਸ ਹੱਥਪੁਸਤਕ ਵਿੱਚ ਕੋਈ ਐਬਰਿਵਿਏਸ਼ਨ ਦੀ ਵਰਤੋ ਨਹੀ ਕੀਤੀ ,ਜਿਸ ਦੀ ਪਰਿਭਾਸ਼ਾ ਦੇਣੀ ਬਣਦੀ ਹੋਵੇ । |
| 1.6 | ਹੱਥਪੁਸਤਕ ਵਿੱਚ ਦਰਜ ਵਿਸ਼ਿਆਂ ਬਾਰੇ ਵਿਸਥਾਰ ਵਿੱਚ ਵੇਰਵੇ ਪ੍ਰਾਪਤ ਕਰਨ ਲਈ ਸਪਰੰਕ ਵਿਅਕਤੀ । | ਡਾਇਰੈਕਟਰ ਯਾਤਰਾ ਵਿਭਾਗ ,ਪੰਜਾਬ ਪਲਾਟ ਨੰ: 03 ,ਸੈਕਟਰ 38-ਏ,ਚੰਡੀਗੜ੍ਹ । |
| 1.7 | ਹੱਥ ਪੁਸਤਕ ਵਿੱਚ ਉਪਲਬਧ ਜਾਣਕਾਰੀ ਤੋ ਇਲਾਵਾ ਸੂਚਨਾ ਪ੍ਰਾਪਤ ਕਰਨ ਦੀ ਵਿਧੀ ਅਤੇ ਫੀਸ | ਫੀਸ ਆਦਿ ਬਾਰੇ ਕੋਈ ਨੀਤੀ ਤਹਿ ਨਹੀ ਹੋਈ ਇਸ ਲਈ ਪਲੇਨ ਕਾਗਜ ਤੇ ਅਰਜੀ ਦੇ ਕੇ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ । |

ਅਧਿਆਇ -02 ( ਮੈਨੂਅਲ -1)

ਸਗਠਨ ਦੀਆ ਵਿਸ਼ੇਸ਼ਤਾਵਾਂ ਗਤੀਵਿਧੀਆਂ ਅਤੇ ਕਰਤਵ ।

| | | |
|---|---|---|
| 2.1 | ਪਬਲਿਕ ਅਥਾਰਟੀ ਦਾ ਉਦੇਸ਼ ਅਤੇ ਮੰਤਵ | ਪੰਜਾਬ ਰਾਜ ਵਿੱਚ ਟੂਰਿਜਮ ਢਾਚੇ ਦਾ ਪ੍ਰਾਈਵੇਟ ਸੈਕਟਰ ਵਿੱਚ ਵਿਸਥਾਰ, ਜਿਸ ਲਈ ਵਿਭਾਗ ਫੈਸਲੀਟੇਟਰ , ਕੁਆਰਡੀਨੇਟਰ, ਰੈਗੂਲੇਟਰ ਤੇ ਯਾਤਰੂਆਂ ਨੂੰ ਪੰਜਾਬ ਬਾਰੇ ਸੂਚਨਾ ਦੇਦਾ ਹੈ । |
| 2.2 | ਪਬਲਿਕ ਅਥਾਰਟੀ ਦਾ ਮਨੋਰਥ/ ਵਿਜਨ | ਪੰਜਾਬ ਰਾਜ ਵਿੱਚ ਸੈਰ ਸਪਾਟੇ ਨੂੰ ਅਜਿਹੇ ਤਰੀਕੇ ਨਾਲ ਉਤਸ਼ਾਹਤ ਕਰਨਾ ਕਿ ਰੋਜਗਾਰ ਦੇ ਮੋਕੇ , ਆਰਥਕ ਗਤੀਵਿਧੀਆਂ ਅਤੇ ਸੈਲਾਨੀਆਂ ਨੂੰ ਪੰਜਾਬ ਦੇ ਸਭਿਆਚਾਰ ਨਾਲ ਜੋੜਨਾ । ਪੰਜਾਬ ਦੇ ਦਿਲਚਸਪੀ ਵਾਲੇ ਸਥਾਨਾ ਨੂੰ ਯਾਤਰਾ ਪਖੋ ਪ੍ਰਾਈਵੇਟ ਸੈਕਟਰ ਵਿੱਚ ਵਿਕਸਤ ਕਰਨ ਲਈ ਪ੍ਰੇਰਿਤ ਕਰਨਾ । ਰਾਜ ਵਿੱਚ ਜਰੂਰੀ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਸਰਕਾਰੀ ਸਹਾਇਤਾ ਨਾਲ ਸੈਰਸਪਾਟੇ ਦੇ ਵਿਕਾਸ ਵਿੱਚ ਨਿੱਜੀ ਖੇਤਰਾਂ ਦੀ ਭਾਈਵਾਲਤਾ ਨੂੰ ਉਤਸ਼ਾਹਤ ਕਰਨਾ । ਭਾਰਤ ਦੇ ਯਾਤਰਾ ਨਕਸ਼ੇ ਵਿੱਚ ਪੰਜਾਬ ਦੀਆਂ ਵੱਖ-ਵੱਖ ਵਿਰਾਸਤ ਯਾਦਗਰਾਂ ਦੀ ਸ਼ਨਾਖਤ ਕਰਨਾ । ਪੰਜਾਬ ਸਰਕਾਰ ਦੁਆਰਾ ਤਿਆਰ ਕੀਤੀ ਸੈਰ ਸਪਾਟਾ ਨੀਤੀ ਦੇ ਸਨਮੁੱਖ ਸੈਰਸਪਾਟੇ ਦਾ ਵਿਕਾਸ ਕਰਨਾ । ਸਾਰੇ ਦੇਸੀ/ ਵਿਦੇਸੀ ਸੈਲਾਨੀਆਂ ਨੂੰ ਵਿਸ਼ਵ ਪੱਧਰ ਦੀਆਂ ਸੇਵਾਵਾਂ ਮੁਹੈਯਾ ਕਰਾਉਣ ਲਈ ਉਪਰਾਲੇ ਕਰਨਾ । |
| 2.3 | ਪਬਲਿਕ ਅਥਾਰਟੀ ਦਾ ਸਖੇਪ ਇਤਿਹਾਸ ਅਤੇ ਇਸਦੀ ਬਣਤਰ ਦੇ ਪ੍ਰਸੰਗ | ਰਾਜ ਵਿੱਚ ਟੂਰਿਜਮ ਢਾਂਚੇ ਦਾ ਵਿਕਾਸ ਕਰਨ ਵਿੱਚ ਸਹਿਯੋਗ ਦੇਣ, ਤਾਲਮੇਲ ਅਤੇ ਨਿਯੰਤ੍ਰਨ ਕਰਨਾ । ਸੈਲਾਨੀਆਂ ਦੀ ਸੁਰਖਿਆ ਅਤੇ ਸਿਕਿਓਰਿਟੀ ਨੂੰ ਯਕੀਨੀ ਬਨਾਉਣ ਲਈ ਖਾਸ ਕਾਰਵਾਈ ਆਰੰਭਣੀ ਅਤੇ ਸਮਰੱਥ ਸਹੂਲਤਾਂ ਦੀਆਂ ਸੇਵਾਵਾ ਮਹੈਯਾ ਕਰਨਾ । ਸੈਰਸਪਾਟੇ ਦੀਆਂ ਸੇਵਾਵਾਂ ਦਾ ਮਿਆਰੀਕਰਨ। ਵੱਖ ਵੱਖ ਕਾਨੂੰਨਾ ਅਤੇ ਨਿਯਮਾ ਅਧੀਨ ਲੋੜੀਦੀਆਂ ਭਿੰਨ ਭਿੰਨ ਮਜ਼ੂਰੀਆਂ ਅਤੇ ਪ੍ਰਵਾਣਗੀਅ ਨੂੰ ਤੇਜੀ ਨਾਲ ਕਲੀਅਰ ਕਰਨ ਲਈ ਇੱਕ ਸਿੰਗਲ ਵਿੰਡੋ ਕਲੀਐਰੈਸ ਪ੍ਰਣਾਲੀ ਉਦਯੋਗ ਵਿਭਾਗ ਰਾਹੀ ਲਾਗੂ ਕਰਵਾਈ ਜਾਵੇਗੀ । |
| 2.4 | ਪਬਲਿਕ ਅਥਾਰਟੀ ਦੇ ਕਰਤਵੌਂ | ਯਾਤਰਾ ਵਿਭਾਗ ਦਾ ਪ੍ਰਸ਼ਾਸਕੀ ਦਫਤਰ ਚੰਡੀਗੜ੍ਹ ਵਿਖੇ ਸਥਿਤ ਹੈ ਇਸ ਦੇ ਅਧੀਨ ਸੱਤ ਸੂਚਨਾ ਕੇਦੱਰ ਹਨ । ਪ੍ਰਸ਼ਾਸਕੀ ਅਮਲੇ ਵਲੋ ਰਾਜ ਵਿੱਚ ਟੂਰਿਜਮ ਢਾਂਚੇ ਨੂੰ ਵਿਕਸਤ ਕਰਨ ਸਬੰਧੀ ਕੇਦੱਰੀ ਪ੍ਰਯੋਜਤ ਸਕੀਮਾਂ ਤਹਿਤ ਭਾਰਤ ਸਰਕਾਰ, ਯਾਤਰਾ ਮੰਤ੍ਰਾਲੈ ਤੋ ਕੇਦਰੀ ਵਿੱਤੀ ਸਹਾਇਤਾ ਲਈ ਤਜਵੀਜਾਂ ਤਿਆਰ ਕਰਕੇ ਪ੍ਰਵਾਨ ਕਰਵਾਉਣਾ । ਭਾਰਤ ਸਰਕਾਰ, ਯਾਤਰਾ ਮੰਤ੍ਰਾਲੈ ਵਲੋ ਜਾਰੀ ਅਗੁਵਾਈ ਲੀਹਾਂ ਅਨੁਸਾਰ ਰਾਜ ਵਿੱਚ ਟੂਰਿਜਮ ਢਾਂਚਾਂ ਜਿਸ ਵਿੱਚ ਟੂਰਿਜਮ ਪਖੋ. ਦਿਲਖਿਚਵੀਆਂ ਥਾਵਾਂ ਦਾ ਟੂਰਿਜਮ ਪਖੋਂ ਵਿਕਾਸ ਕਰਨਾ , ਹੈਰੀਟੇਜ ਸਮਾਰਕਾਂ ਦੀ ਜਗਮਗ ਰੋਸ਼ਨੀ ਅਤੇ ਆਵਾਜ ਪ੍ਰੋਗਰਾਮ ਕਰਾਉਣਾ ਸੈਲਾਨੀਆਂ ਨੂੰਪੰਜਾਬ ਦੇ ਪੇਡੂ ਵਿਰਸੇ ਨਾਲ ਜੋੜਨਾ । ਵਿਭਾਗ ਦੇ ਪ੍ਰਸ਼ਾਸਕੀ ਵਿੰਗ ਵਲੋ ਰਾਜ ਅਤੇ ਕੇਦੱਰ ਸਰਕਾਰ ਦੀਆਂ ਸਕੀਮਾਂ ਤਹਿਤ ਰਾਜ ਵਿੱਚ ਟੂਰਿਜਮ ਢਾਂਚੇ ਨੂੰਵਿਕਸਤ ਕਰਨ ਸਬੰਧੀ ।<br>2. ਰਾਜ ਵਿੱਚ ਟੂਰਿਜਮ ਢਾਂਚੇ ਨੂੰ ਯੋਜਨਾਬੱਦ ਵਿਕਸਤ ਕਰਨ ਲਈ ਪੰਜਾਬ ਸਰਕਾਰ ਨੇ ਨਵੀ ਸੈਰਸਪਾਟਾ ਨੀਤੀ 2003 ਘੋਸ਼ਤ ਕੀਤੀ ਹੈ । ਇਸ ਨੀਤੀ ਤਹਿਤ ਰਾਜ ਵਿੱਚ ਪ੍ਰਾਈਵੇਟ ਸੈਕਟਰ ਵਿੱਚ ਸੈਰਸਪਾਟਾ ਉਤਪਾਦਨ ਦੀ ਕਿਸਮ ਨੂੰ ਸੁਧਾਰ ਕੇ ਹਰ ਤਰ੍ਹਾਂ ਦੇ ਸੈਲਾਨੀਆਂ ਦੀ ਅਗੁਵਾਈ ਅਤੇ ਸਹੂਲਤਾਂ ਪ੍ਰਦਾਨ ਕਰਨਾ ਹੈ । ਪੰਜਾਬ ਸੈਰਸਪਾਟਾ |

| | | |
|---|---|---|
| | | ਬਾਜਾਰ ਦੇ ਉਤਪਾਦਨ ਨੂੰ ਅਤੰਰ ਰਾਸ਼ਟ੍ਰੀ ਅਤੇ ਘਰੇਲੂ ਤੌਰ ਤੇ ਲੋੜੀਦੀ ਸੁਵਿਧਾਵਾਂ ਪ੍ਰਦਾਨ ਕਰਕੇ ਪੰਜਾਬ ਵਿੱਚ ਸੈਰਸਪਾਟੇ ਨੂੰ ਵਡੇ ਉਦਿਯੋਗ ਵਜੋ ਵਿਕਸਤ ਕਰਨਾ ਹੈ । ਇਸ ਨੀਤੀ ਦਾ ਉਦੇਸ਼ ਰਾਜ ਦੇ ਨਾਗਿਰਕਾਂ ਲਈ ਰੋਜਗਾਰ ਅਤੇ ਆਰਥਕ ਵਾਤਾਵਰਨ ਨੂੰ ਸਮਾਜਕ ਅਤੇ ਸਭਿਆਚਾਰਕ ਤਾਲਮੇਲ ਨੂੰ ਬੜਾਵਾ ਦੇਣਾ ਹੈ । ਰਾਜ ਸਰਕਾਰ ਇਸ ਮੰਤਵ ਲਈ ਫੈਸਲੀਟੇਟਰ, ਕੋਆਰਡੀਨੇਟਰ ਤੇ ਰੈਗੂਲੇਟਰ ਦਾ ਰੋਲ ਨਿਭਾਏਗੀ ।<br>3.ਵਿਭਾਗ ਇਸ ਸਮੇ ਸਤੱ ਸੂਚਨਾ ਕੇਦੰਰ ਜਿਹੜੇ ਕਿ ਚੰਡੀਗੜ੍ਹ , ਆਨੰਦਪੁਰ ਸਾਹਿਬ, ਨਗੰਲ , ਅਮ੍ਰਿਤਸਰ , ਰਾਜਾ ਸਾਂਸੀ ਏਅਰਪੋਰਟ ਅਮ੍ਰਿਤਸਰ, ਵਾਘਾ ਬਾਰਡਰ ਅਤੇ ਨਵੀ ਦਿੱਲੀ ਵਿਖੇ ਸਥਿਤ ਹਨ, ਚਲਾ ਰਿਹਾ ਹੈ ਜਿਨਾ ਰਾਹੀ ਰਾਜ ਵਿੱਚ ਆਉਣ ਵਾਲੇ ਦੇਸੀ / ਵਿਦੇਸ਼ੀ ਯਾਤਰੂਆਂ ਨੂੰ ਪੰਜਾਬ ਦੇ ਯਾਤਰਾ ਪਖੋਂ ਆਕਰਸ਼ਕ ਥਾਵਾਂ ਬਾਰੇ ਸੂਚਨਾ ਮੁਹੈਯਾ ਕਰਵਾਈ ਜਾਂਦੀ ਹੈ । ਇਨ੍ਹਾ ਕੇਦੰਰਾਂ ਰਾਹੀ ਟੂਰਿਸਟ ਲਿਟਰੇਚਰ ਬਿਨਾ ਲਾਗਤ ਯਾਤਰੂਆਂ ਨੂੰ ਮੁਹੈਯਾ ਕਰਵਾਇਆ ਜਾਂਦਾ ਹੈ । |
| 2.5 | **ਪਬਲਿਕ ਅਥਾਰਟੀ ਦੇ ਮੁੱਖ ਕਰਤਵ** | ਰਾਜ ਵਿੱਚ ਟੂਰਿਜਮ ਨੂੰ ਅਜਿਹੇ ਤਰੀਕੇ ਨਾਲ ਵਿਸਥਾਰ ਕਰਨਾ ਜਿਸ ਨਾਲ ਰੋਜਗਾਰ ਦੇ ਮੋਕੇ ਪੈਦਾ ਹੋਣ, ਆਰਥਕ ਵਿਕਾਸ ਅਤੇ ਯਾਤਰੂਆਂ ਨੂੰ ਪੰਜਾਬ ਦੇ ਸਭਿਆਚਾਰ ਨਾਲ ਜੋੜਨਾ ਅਤੇ ਰਾਜ ਵਿਚ ਸਥਿਤ ਸੂਚਨਾ ਕੇਦਰਾਂ ਰਾਹੀ ਯਾਤਰੂਆਂ ਨੂੰ ਸੂਚਨਾ ਦੇਣਾ ਹੈ ਅਤੇ ਟੂਰੀਜਮ ਢਾਂਚੇ ਨੂੰ ਪ੍ਰਾਈਵੇਟ ਸੈਕਟਰ ਵਿੱਚ ਵਿਕਸਤ ਕਰਨ ਲਈ ਉਤਸਾਹਿਤ ਕਰਨਾ ਤੇ ਇਸ ਮੰਤਵ ਲਈ ਫੈਸੀਲੀਟੇਟਰ, ਕੋਆਰਡੀਨੇਟਰ ਤੇ ਰੈਗੂਲੇਟਰ ਦਾ ਰੋਲ ਕਰਨਾ । |
| 2.6 | **ਪਬਲਿਕ ਅਥਾਰਟੀ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾ ਅਤੇ ਉਨ੍ਹਾ ਦਾ ਸੰਖੇਪ ਵਿਵਰਣ** | ਪੰਜਾਬ ਰਾਜ ਟੂਰਿਜਮ ਪਾਲਿਸੀ 2003 ਅਨੁਸਾਰ ਟੂਰਿਜਮ ਨਾਲ ਸਬੰਧਤ ਪ੍ਰੋਜੈਕਟਾਂ ,ਜਿਨ੍ਹਾ ਵਿੱਚ ਕਲਾਸੀਫਾਈਡ ਹੋਟਲ ਅਤੇ ਰੈਸਟੋਰੈਂਟ ਅਤੇ ਮਨੋਰੰਜਨ ਪਾਰਕਾਂ/ ਮਲਟੀਪਲੈਕਸ ਪ੍ਰੋਜੈਕਟਾਂ ਨੂੰ ਸਬੰਧਤ ਵਿਭਾਗਾਂ ਦੀ ਸਹਿਮਤੀ ਅਤੇ ਰਿਆਹਿਤਾਂ ਪ੍ਰਦਾਨ ਕਰਾਉਣਾ , ਟੂਰਿਜਮ ਪ੍ਰੋਜੈਕਟਾ ਲਈ ਉਦਯੋਗ ਵਿਭਾਗ ਦੇ ਸਿੰਗਲ ਵਿਨਡੋਸਿਸਟਮ ਰਾਹੀ ਅਰਜੀਆਂ ਪ੍ਰੋਸੈਸ ਕਰਨ ਦਾ ਉਪਬੰਧ ਕੀਤਾ ਗਿਆ ਹੈ ।<br>2. ਯਾਤਰੂਆਂ ਨੂੰ ਆਪਣੇ ਸੂਚਨਾ ਕੇਦੰਰਾਂ ਦੇ ਨੈਟਵਰਕ ਰਾਹੀ ਸੂਚਨਾ ਦੇਣਾ ।<br>3. ਪਾਲਿਸੀ ਅਨੁਸਾਰ ਟੂਰਿਜਮ ਪ੍ਰੋਜੈਕਟਾਂ ਦੇ ਵਿਕਾਸ ਲਈ ਫੈਸੀਲੀਟੇਟਰ, ਕੋਆਰਡੀਨੇਟਰ ਤੇ ਰੈਗੂਲੇਟਰ ਦਾ ਰੋਲ ਅਦਾ ਕਰਨਾ । |
| 2.7 | **ਡਾਇਰੈਕਟੋਰਟ ਯਾਤਰਾ ਵਿਭਾਗ ਦੇ ਢਾਂਚੇ ਦਾ ਵੇਰਵਾ** | ਅਨੁਲੱਗ 1 ਤੇ ਸ਼ਾਮਲ ਹੈ । |
| 2.8 | **ਪਬਲਿਕ ਅਥਾਰਟੀ ਨੂੰ ਜਨਤਾ ਤੋ ਪ੍ਰਭਾਵਸ਼ਾਲੀ ਅਤੇ ਕਾਰਜ ਕੁਸ਼ਲਤਾ ਵਿੱਚ ਵਾਧਾ ਕਰਨ ਲਈ ਉਮੀੱਦਾ ।** | ਯਾਤਰਾ ਵਿਭਾਗ ਦੇ ਪੱਖ ਵਿੱਚ - ਰਾਜ ਵਿੰਚ ਜਨਤਕ ਅਤੇ ਪ੍ਰਾਈਵੇਟ ਸੈਕਟਰ ਵਿੱਚ ਹੋਂਦ ਵਿੱਚ ਆਏ ਹੋਟਲ ਰੈਸਟੋਰੈਂਟ / ਮਨੋਰੰਜਨ ਪਾਰਕ / ਰਿਕਰਿਏਸ਼ਨ ਕਲਬ ਵਿੰਚ ਉਪਲਬਧ ਸੇਵਾਵਾਂ ਦਾ ਆਨੰਦ ਯੋਗ ਢੰਗ ਅਤੇ ਰਾਜ ਦੇ ਸਭਿਆਚਾਰ / ਸਮਾਜਿਕ ਰੀਤੀ ਰਿਵਾਜਾਂ ਅਨੁਸਾਰ ਉਪਲਬਧ ਕਰਵਾਉਣ/ ਯਾਤਰਾ ਨਾਲ ਸਬੰਧਤ ਸਥਾਨਾ ਨੂੰ ਅਨੁਸ਼ਾਸਨ ਵਿੱਚ ਰਹਿਣ ਉਨ੍ਹਾ ਨੂੰ ਸਹੂਲਤਾ ਦਾ ਲਾਭ ਲਿਆ ਜਾਵੇ । ਇਹਨਾ ਥਾਵਾਂ ਤੇ ਵਾਤਾਵਰਨ ਨੂੰ ਸਾਫ ਸੁਥਰਾ ਰਖੱਣ ਵਿੰਚ ਸਹਿਯੋਗ। ਜਲਦ ਤੇ ਪੂਰੀ ਸੂਚਨਾ ਦੇਣ ਲਈ ਵਿਭਾਗ ਵਲੋ ਸੂਚਨਾਂ ਕੇਦਰਾਂ ਵਿਚ ਟਚ ਸਕਰੀਨ ਕਿਉਸਕ ਲਗਾਏ ਗਏ ਹਨ। |
| 2.9 | **ਲੋਕਾ ਨਾਲ ਸਹਿਯੋਗ ਸੁਨਿਸ਼ਚਤ ਕਰਨ / ਯੋਗਦਾਨ ਲਈ ਵਿਧੀ ।** | ਯਾਤਰਾ ਵਿਭਾਗ ਵਲੋ ਰਾਜ ਵਿੰਚ ਲੋਕਾ ਦੀ ਸਹੂਲਤ ਲਈ / ਯੋਗਦਾਨ ਲਈ ਪੰਜਾਬ ਰਾਜ ਸੈਰ ਸਪਾਟਾ ਨੀਤੀ 2003 ਘੋਸ਼ਤ ਕੀਤੀ ਗਈ ਹੈ, ਜਿਸ ਵਿੰਚ ਰਾਜ ਵਿੰਚ ਪ੍ਰਾਈਵੇਟ ਟੂਰਿਸਟ ਢਾਂਚਾਂ ਵਿਕਸਤ ਕਰਨ ਵਾਸਤੇ ਲੋੜੀਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਲਈ ਉਦਯੋਗ ਵਿਭਾਗ ਵਲੋ ਸਿੰਗਲ ਵਿੰਡੋ ਸਿਸਟਮ ਦਾ ਉਪਬੰਧ ਹੈ । ਇਸ ਤੋ ਇਲਾਵਾ ਟੂਰਿਜਮ ਪ੍ਰੋਜੈਕਟਾਂ ਨੂੰ ਰਿਆਇਤਾਂ ਦੇਣ ਲਈ ਦੋ ਉਜ ਪਧਰੀ ਕਮੇਟੀਆਂ ਦਾ ਗਠਨ ਕੀਤਾ ਹੋਇਆ ਹੈ ਜਿਸ ਵਿਚ ਪੰਜ ਕਰੋੜ ਤੋ ਘਅ ਲਾਗਤ ਵਾਲੇ ਪ੍ਰੋਜੈਕਟਾਂ ਲਈ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਕਮੇਟੀ ਬਣੀ ਤੇ ਪੰਜ ਕਰੋੜ ਵਧ ਦੇ ਪ੍ਰੋਜੈਕਟਾ ਲਈ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਕਮੇਟੀ ਬਣੀ ਹੈ। |
| 2.10 | **ਜਨਤਕ ਸ਼ਿਕਾਇਤਾ ਦੀ ਸੁਣਵਾਈ ਅਤੇ ਨਿਰਾਕਰਣ ਕਰਨ ਦੀ ਵਿਵਸਥਾ** | ਯਾਤਰਾ ਵਿਭਾਗ ਦੀਆਂ ਗਤੀਵਿਧੀਆਂ ਦਾ ਮੰਤਵ ਰਾਜ ਵਿੰਚ ਟੂਰਿਜਮ ਦਾ ਵਿਸਥਾਰ ਕਰਨਾ , ਰਾਜ ਵਿੱਚ ਦੇਸੀ/ਵਿਦੇਸੀ ਯਾਤਰੂਆਂ ਦੀ ਆਮਦ ਅਤੇ ਰਾਜ ਵਿੱਚ ਆਕਰਸ਼ਤ ਥਾਵਾਂ ਬਾਰੇ ਸੂਚਨਾ ਮੁਹੈਯਾ ਕਰਵਾਉਣਾ ਹੈ ਅਤੇ ਆਮ ਜਨਤਾ ਨੂੰ ਇਸ ਤੋ ਇਲਾਵਾ ਹੋਰ ਸੁਵਿਧਾਵਾ ਪ੍ਰਦਾਨ ਨਹੀ ਕੀਤੀਆਂ ਜਾਂਦੀਆਂ, ਜੇਕਰ ਵਿਭਾਗ ਦੀਆਂ |

| | | |
|---|---|---|
| | | ਗਤੀਵਿਧੀਆਂ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਉਸ ਦਾ ਨਿਪਟਾਰਾ ਇਸ ਐਕਟ ਅਧੀਨ ਨਿਯੁਕਤ ਕੀਤੇ ਅਸਿਸਟੈਂਟ ਪਬਲਿਕ ਇਨਫਾਰਮੇਸ਼ਨ ਅਫਸਰ / ਪਬਲਿਕ ਇਨਫਾਰਮੇਸ਼ਨ ਅਫਸਰ ਵਲੋਂ ਕੀਤਾ ਜਾ ਸਕਦਾ ਹੈ ਅਤੇ ਜੇਕਰ ਸ਼ਿਕਾਅਤ ਕਰਤਾ ਸੰਤੁਸ਼ਟ ਨਾ ਹੋਵੇ ਤਾਂ ਉਹ ਐਪਲਟ ਆਥਾਰਟੀ ਨੂੰ ਅਪੀਲ ਦਾਇਰ ਕਰ ਸਕਦਾ ਹੈ। |
| 2.11 | ਮੁੱਖ ਦਫਤਰ ਅਤੇ ਵੱਖ ਵੱਖ ਪੱਧਰ ਦੇ ਜਿਲਾ ਵਾਰ ਦਫਤਰਾਂ ਦਾ ਪਤਾ | 1. ਡਾਇਰੈਕਟਰ ਯਾਤਰਾ ਵਿਭਾਗ,ਪੰਜਾਬ,<br>ਪਲਾਟ ਨੰ: 03, ਸੈਕਟਰ 38-ਏ, ਚੰਡੀਗੜ੍ਹ ।<br>2. ਯਾਤਰਾ ਸੂਚਨਾ ਕੇਦੰਰ<br>ਪਿਗਾਸਿਸ ਹੋਟਲ, ਸਾਹਮਣੇ ਰੇਲਵੇ ਸਟੇਸ਼ਨ,<br>ਅਮ੍ਰਿਤਸਰ ।<br>3. ਯਾਤਰਾ ਸੂਚਨਾ ਕੇਦੰਰ<br>ਰਾਜਾ ਸਾਂਸੀ , ਹਵਾਈ ਅੱਡਾ,<br>ਅਮ੍ਰਿਤਸਰ ।<br>4. ਯਾਤਰਾ ਸੂਚਨਾ ਕੇਦੰਰ<br>ਸਾਹਮਣੇ ਬਸ ਸਟੈਂਡ<br>ਨਗੰਲ ।<br>5. ਯਾਤਰਾ ਸੂਚਨਾ ਕੇਦੰਰ<br>ਆਨੰਦਪੁਰ ਸਾਹਿਬ<br>6. ਯਾਤਰਾ ਸੂਚਨਾ ਕੇਦੰਰ ,ਜਨਪਥ ਹੋਟਲ, ਨਵੀ ਦਿੱਲੀ । |
| 2.12 | ਦਫਤਰ ਖੁਲਣ ਅਤੇ ਬੰਦ ਹੋਣ ਦਾ ਸਮਾ | ਮੁੱਖ ਦਫਤਰ 9 ਵਜੇ ਤੋ 5 ਵਜੇ ਤਕ ਅਤੇ ਰਾਜ ਸਰਕਾਰ ਵਲੋ ਜਾਰੀ ਗਜਟਿਡ ਛੁੱਟੀਆਂ ਅਤੇ ਸ਼ਨੀਵਾਰ / ਹਰ ਐਤਵਾਰ ਦਫਤਰ ਬੰਦ ਹੁੰਦਾ ਹੈ। ਯਾਤਰਾ ਸੂਚਨਾ ਕੇਦੰਰ ਦੇ ਖੁਲਣ ਦਾ ਸਮਾ 9 ਵਜੇ ਤੋ 5 ਵਜੇ ਤਕ ਅਤੇ ਐਤਵਾਰ ਤੇ ਹੋਰ ਸਰਕਾਰ ਵਲੋ ਨੋਟੀਫਾਈਡ ਛੁਟੀਆਂ ਦੋਰਾਨ ਬੰਦ ਰਹਿੰਦੇ ਹਨ । |

| | | |
|---|---|---|
| ਅਹੁਦਾ ਸ਼ਕਤੀਆਂ | 1 ਡਾਇਰੈਕਟਰ<br>ਪ੍ਰਬੰਧਕੀ | ਵਿਭਾਗ ਦੇ ਦਰਜਾ ਤਿੰਨ ਅਤੇ ਚਾਰ ਅਮਲੇ ਦੀ ਨਿਯੁਕਤੀ ਅਤੇ ਪ੍ਰਬੰਧਕੀ ਕੰਮ ਕਾਜ ਉਨ੍ਹਾ ਵਲੋਂ ਵੇਖਿਆ ਜਾਦਾ ਹੈ । ਵਿਭਾਗ ਦੀਆਂ ਸਕੀਮਾਂ ਅਤੇ ਗਤੀਵਿਧੀਆਂ ਦਾ ਸਚਾਂਲਨ ਕਰਨਾ । ਪੰਜਾਬ ਸਿਵਲ ਸੇਵਾਵਾਂ ਰੂਲਜ ਅਤੇ ਵਿੱਤੀ ਰੂਲਜ ਵਿੱਚ ਅਕੰਤ ਸ਼ਕਤੀਆਂ ਆਪਣੇ ਨਾਲ ਸਬੰਧਤ ਵਰਤ ਸਕਦੇ ਹਨ । |
| ਅਹੁਦਾ ਸ਼ਕਤੀਆਂ | ਡਿਪਟੀ ਡਾਇਰੈਕਟਰ ਪ੍ਰਬੰਧਕੀ | ਦਫਤਰ ਦੇ ਮੁੱਖੀ ਹੋਣ ਦੇ ਨਾਤੇ ਪੰਜਾਬ ਸਿਵਲ ਸੇਵਾਵਾਂ ਰੂਲਜ ਵਿੱਚ ਦਰਜ ਸ਼ਕਤੀਆਂ ਜੋ ਕਿ ਉਨਾ ਨਾਲ ਸਬੰਧਤ ਹਨ ਵਰਤ ਸਕਦੇ ਹਨ |
| | ਵਿੱਤੀ | ਦਫਤਰ ਦੇ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਹਨ ਪੰਜਾਬ ਵਿੱਤੀ ਰੂਲਜ ਵਿੱਚ ਦਰਜ ਸ਼ਕਤੀਆਂ ਜੋ ਕਿ ਇਸ ਅਹੁਦੇ ਨਾਲ ਸਬੰਧਤ ਹਨ ਉਨ੍ਹਾ ਵਲੋ ਵਰਤੀਆਂ ਜਾਂਦੀਆਂ ਹਨ । |
| | ਹੋਰ | |
| ਅਹੁਦਾ ਸ਼ਕਤੀਆਂ | ਸੁਪਰਡੰਟ ਗਰੇਡ II<br>ਪ੍ਰਬੰਧਕੀ | ਵਿਭਾਗੀ ਸੇਵਾ ਨਿਯਮਾ , ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਅਧੀਨ ਸੁਪਰਡੰਟ ਨੂੰ ਕੋਈ ਪਾਵਰਾਂ ਨਹੀ ਹਨ , ਬਹਰਹਾਲ ਜਿਨ੍ਹਾ ਪ੍ਰਬੰਧਕੀ ਕੰਮਾ ਦੇ ਨਿਪਟਾਰੇ ਲਈ ਵਿਭਾਗ ਦੇ ਮੁਖੀ ਵਲੋ ਕੋਈ ਪਾਵਰਾਂ ਡੇਲੀਗੇਟ ਕੀਤੀਆਂ ਜਾਂਦੀਆ ਹਨ ਉਨ੍ਹਾ ਅਨੁਸਾਰ ਕੰਮ ਦਾ ਨਿਪਟਾਰਾ ਕੀਤਾ ਜਾਦਾ ਹੈ । |
| | ਵਿੱਤੀ | ਕੋਈ ਪਾਵਰ ਨਹੀ ਹੈ । |
| | ਹੋਰ | ਕੋਈ ਨਹੀ ਹੈ । |
| ਡਿਉਟੀਆਂ | | ਆਪਣੇ ਅਧੀਨ ਸੀਨੀਅਰ ਸਹਾਇਕਾ, ਜੂਨੀਅਰ ਸਹਾਇਕਾ , ਸੀਨੀਅਰ ਕਲਰਕ / ਕਲਰਕਾਂ ਦੇ ਕੰਮ ਦੀ ਨਿਗਰਾਨੀ । ਉੱਚ ਅਧਿਕਾਰੀਆਂ ਵਿਸ਼ੇਸ਼ ਤੌਰ ਤੇ ਵਿਭਾਗੀ ਮੁੱਖੀ ਵਲੋ ਪਰਵਾਨ ਕੀਤੀਆਂ ਤਜਵੀਜਾ/ ਹੁਕਮਾਂ ਨੂੰ ਜਾਰੀ ਕਰਨਾ । |
| ਅਹੁਦਾ | ਸੀਨੀਅਰ ਸਹਾਇਕ<br>ਡਿਉਟੀਆਂ | ਅਮਲਾ ਸ਼ਾਖਾ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕਰਨਾ ,ਜਿਸ ਵਿੱਚ ਦਰਜਾ ਤਿੰਨ ਤੇ ਚਾਰ ਕਰਮਚਾਰੀਆਂ ਦੀਆਂ ਨਿਯੁਕਤੀਆਂ, ਉਨ੍ਹਾ ਦਾ ਸੇਵਾ ਰਿਕਾਰਡ ਸਭਾਲੰਣਾ,ਸਲਾਨਾ ਤਰੱਕੀਆਂ ਲਾਉਣਾ ਅਤੇ ਹੋਰ ਬਣਦੇ ਲਾਭ ਦੇਣ ਸਬੰਧੀ ਕੇਸਾਂ ਦਾ ਨਿਪਟਾਰਾ ਕਰਨਾ । |
| | ਸੀਨੀਅਰ ਸਹਾਇਕ | ਵਿਭਾਗ ਨਾਲ ਸਬੰਧਤ ਪਲਾਨ ਸਕੀਮਾਂ , ਕੇਦੰਰੀ ਪ੍ਰਯੋਜਤ ਸਕੀਮਾਂ ਜਿਸ ਵਿੱਚ ਭਾਰਤ ਸਰਕਾਰ , ਯਾਤਰਾ ਮੰਤ੍ਰਾਲੈ ਨੂੰ ਪ੍ਰੋਜੈਕਟਾਂ ਦੀਆਂ ਤਜਵੀਜਾਂ ਪ੍ਰਵਾਣਗੀ ਲਈ ਭੇਜਣਾ, ਪਲਾਨ ਬਜਟ ਤਿਆਰ ਕਰਨਾ , ਯਾਤਰਾ ਸੂਚਨਾ ਕੇਦੰਰਾਂ ਦੇ ਬਿਲਡਿੰਗਾਂ ਦੇ ਕਿਰਾਏ ਦੀ ਅਦਾਇਗੀ , ਅਖਬਾਰਾਂ ਦੇ ਬਿਲਾਂ ਦੀਆਂ ਅਦਾਇਗੀਆਂ , ਵਿਗਿਆਪਨ ਮੇਲੇ ਅਤੇ ਤਿਉਹਾਰਾਂ ਵਿੱਚ ਭਾਗ ਲੈਣ ਸਬੰਧੀ ਕੇਸਾਂ ਨੂੰ ਡੀਲ ਕਰਨਾ ਆਦਿ । |
| | ਸੀਨੀਅਰ ਸਹਾਇਕ ( ਸਟੋਰ) | ਸਟੋਰ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕਰਨਾ । ਸਟੋਰ ਦੀਆਂ ਆਈਟਮਾਂ ਦੀ ਸੰਭਾਲ ਕਰਨਾ, ਸਟੇਸ਼ਨਰੀ ਵਿਭਾਗ ਤੋ ਸਟੇਸ਼ਨਰੀ ਪ੍ਰਾਪਤ ਕਰਨਾ ਅਤੇ ਲੋੜ ਅਨੁਸਾਰ ਦਫਤਰ ਦੀ ਵਰਤੋ ਲਈ ਜਾਰੀ ਕਰਨਾ । ਲਿਟਰੇਚਰ ਦੀ ਛਪਾਈ ਆਦਿ ਕਰਵਾਉਣਾ । |
| | ਜੂਨੀਅਰ ਸਹਾਇਕ (ਲੇਖਾ ) | ਲੇਖਾ ਸ਼ਾਖਾ ਨਾਲ ਸਬੰਧਤ ਕੰਮ ਦਾ ਨਿਪਟਾਰਾ ਕਰਨਾ । ਵਿਭਾਗ ਦੇ ਦਰਜਾ ਇੱਕ ਤੋ ਚਾਰ ਕਰਮਚਾਰੀਆਂ ਦੇ ਜੀ.ਪੀ.ਫੰਡ ਖਾਤੇ ਤਿਆਰ ਕਰਨਾ । ਕਰਮਚਾਰੀਆਂ ਦੇ ਤਨਖਾਹ , ਟੀ.ਏ ਬਿਲ ਅਤੇ ਹੋਰ ਕੰਟੀਜੈਂਟ ਬਿਲ ਆਦਿ ਤਿਆਰ ਕਰਨਾ । |
| | ਕਲਰਕ (03)<br>3120-5160<br>(ਮੁੱਢਲੀ ਸ਼ੁਰੂ 3220 ) | ਮਿਸਲਾਂ ਦੀ ਸੰਭਾਲ ਕਰਨਾ, ਰਿਕਾਰਡ ਨੂੰ ਮੇਨਟੇਨ ਰਖੱਣਾ , ਵਿਚਾਰ ਅਧੀਨ ਪਤੱਰ ਪੁਟੱਅਪ ਕਰਨਾ ਅਤੇ ਇਸ ਤੋ ਇਲਾਵਾ ਆਮ ਦਫਤਰੀ ਕਲੈਰੀਕਲ ਕੰਮ ਕਰਨਾ । |
| | ਯਾਤਰਾ ਅਫਸਰ (03)<br>5800-9200<br>ਯਾਤਰਾ ਸੂਚਨਾ ਕੇਦੰਰ ਨਵੀ ਦਿੱਲੀ | ਯਾਤਰਾ ਸੂਚਨਾ ਕੇਦੰਰਾਂ ਵਿੱਚ ਆਉਣ ਵਾਲੇ ਦੇਸੀ/ਵਿਦੇਸੀ ਯਾਤਰੂਆਂ ਨੂੰ ਰਾਜ ਦੇ ਟੂਰਿਸਟ ਪਖੋਂ ਆਕਰਸ਼ਕ ਥਾਵਾਂ ਬਾਰੇ ਸੂਚਨਾ ਪ੍ਰਦਾਨ ਕਰਨਾ , ਉਨ੍ਹਾ ਨੂੰ ਟੂਰਿਸਟ ਲਿਟਰੇਚਰ ਲੋੜ ਅਨੁਸਾਰ ਦੇਣਾ , ਆਉਣ ਵਾਲੇ ਯਾਤਰੂਆਂ ਦੇ ਅਕੰੜੇ ਇਕੱਠੇ ਕਰਨਾ |

| | | |
|---|---|---|
| | , ਅੰਮ੍ਰਿਤਸਰ ਅਤੇ ਵਾਘਾ ਬਾਰਡਰ। | ਅਤੇ ਮੁੱਖ ਦਫਤਰ ਨੂੰ ਭੇਜਣਾ ਆਪਣੇ ਅਧੀਨ ਸਟਾਫ ਦੇ ਕੰਮ ਦੀ ਦੇਖਰੇਖ ਕਰਨਾ । |
| | ਸਵਾਗਤੀ ਅਫਸਰ(01)<br>5160-8925<br>ਯਾਤਰਾ ਸੂਚਨਾ ਕੇਂਦਰ ਰਾਜਾ ਸਾਂਸੀ ਏਅਰਪੋਰਟ | ਯਾਤਰਾ ਸੂਚਨਾ ਕੇਂਦਰਾਂ ਵਿੱਚ ਆਉਣ ਵਾਲੇ ਦੇਸੀ/ਵਿਦੇਸੀ ਯਾਤਰੂਆਂ ਨੂੰ ਰਾਜ ਦੇ ਟੂਰਿਸਟ ਪਖੋੱ ਆਕਰਸ਼ਕ ਥਾਵਾਂ ਬਾਰੇ ਸੂਚਨਾ ਪ੍ਰਦਾਨ ਕਰਨਾ , ਉਨ੍ਹਾ ਨੂੰ ਟੂਰਿਸਟ ਲਿਟਰੇਚਰ ਲੋੜ ਅਨੁਸਾਰ ਦੇਣਾ , ਆਉਣ ਵਾਲੇ ਯਾਤਰੂਆਂ ਦੇ ਅਕੰੜੇ ਇਕੱਠੇ ਕਰਨਾ ਅਤੇ ਮੁੱਖ ਦਫਤਰ ਨੂੰ ਭੇਜਣਾ ਆਪਣੇ ਅਧੀਨ ਸਟਾਫ ਦੇ ਕੰਮ ਦੀ ਦੇਖਰੇਖ ਕਰਨਾ । |

ਅਨੁਲਗ -1

(2.7 ਨਾਲ ਸਬੰਧਤ)

**ਡਾਇਰੈਕਟੋਰੇਟ ਯਾਤਰਾ ਵਿਭਾਗ ਪੰਜਾਬ, ਪਲਾਟ ਨੰ: 3, ਸੈਕਟਰ 38-ਏ, ਚੰਡੀਗੜ੍ਹ**

**ਸਸੰਥਾ ਦੀ ਬਣਤਰ**

**ਡਾਇਰੈਕਟਰ ਆਈ ਏ ਐਸ (ਵਾਧੂ ਚਾਰਜ )**

**ਸੀਨੀਅਰ ਸਕੇਲ ਸਟੈਨੋਗਰਾਫਰ**

**ਡਿਪਟੀ ਡਾਇਰੈਕਟਰ**

**ਮੁੱਖ ਦਫਤਰ**

ਸੁਪਰਡੰਟ (1)

ਸੀਨੀਅਰ ਸਹਾਇਕ (3)

ਜੂਨੀਅਰ ਸਹਾਇਕ (1)

ਸੀਨੀਅਰ ਸਕੇਲ ਸਟੈਨੋਗਰਾਫਰ (01)

ਕਲਰਕ ( 3)

ਕਲਰਕ (01)

ਡੁਪਲੀਕੇਟਿੰਗ ਮਸ਼ੀਨ ਉਪਰੇਟਰ ( 1 )

ਸੇਵਾਦਾਰ (3)

ਚੋਕੀਦਾਰ (1)

ਸਫਾਈ ਸੇਵਕ (1)

**ਫੀਲਡ ਸਟਾਫ**

--

ਯਾਤਰਾ ਅਫਸਰ (3)

ਸਵਾਗਤੀ ਅਫਸਰ ( 5)

ਗਾਇਡ ਕਮ ਕਲਰਕ (5)

--

ਸੇਵਾਦਾਰ ( 5)

ਚੋਕੀਦਾਰ (4)

ਸਫਾਈ ਸੇਵਕ ( 5)

ਅਧਿਆਏ -3

**ਅਧਿਆਏ - 3 ( ਮੈਨੂਅਲ -2)**
**ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸ਼ਕਤੀਆਂ ਅਤੇ ਡਿਊਟੀਆਂ**

| ਅਹੁਦਾ | ਡਾਇਰੈਕਟਰ ਯਾਤਰਾ ਵਿਭਾਗ | |
|---|---|---|
| ਸ਼ਕਤੀਆਂ | ਪ੍ਰਬੰਧਕੀ | 1. ਵਿਭਾਗ ਦੇ ਮੁੱਖੀ ਹੋਣ ਦੇ ਨਾਤੇ ਵਿਭਾਗੀ ਸੇਵਾ ਨਿਯਮਾਂ ਦੇ ਤਹਿਤ ਕੈਟਾਂਗਰੀ ਸੀ ਅਤੇ ਡੀ ਦਿਆਂ ਅਸਾਮੀਆਂ ਲਈ ਨਿਯੁਕਤੀ, ਪਦਉਨਤੀ ਦੇ ਅਧਿਕਾਰ ਰਖਦੇ ਹਨ ਨਿਯੁਕਤੀ ਅਧਿਕਾਰੀ ਹੋਣ ਦੇ ਨਾਤੇ ਪੰਜਾਬ ਸਿਵਲ ਰੂਲਜ, ਕੰਡੈਕਟ ਰੂਲਸ ਅਤੇ ਦੰਡ ਅਤੇ ਅਪਿਲ ਰੂਲ ਤਹਿਤ ਪ੍ਰਬਧਗੀ ਅਧਿਕਾਰਾ ਲਈ ਸਮਰਥ ਹਨ। |
| | ਵਿੱਤੀ | 1. ਪੰਜਾਬ ਵਿੱਤੀ ਰੂਲਜ ਅਤੇ ਇਸ ਅਧੀਨ ਡਾਇਰੈਕਟਰ੍ਹ ਪਾਵਰਾਂ ਅਕੰਤ ਕੀਤੀਆਂ ਗਈਆਂ ਹਨ । |
| | ਹੋਰ | 1. ਵਿਭਾਗ ਦੇ ਮੁਖੀ ਹੋਣ ਦੇ ਨਾਤੇ ਵਿਭਾਗ ਦੇ ਨਾਲ ਸਬੰਧਤ ਸਾਰੀਆਂ ਸਕੀਮਾਂ ਅਤੇ ਪ੍ਰੋਗਰਾਮ , ਉਨ੍ਹਾ ਦੀ ਦੇਖਰੇਖ ਹੇਠ ਚਲਾਈਆਂ ਜਾਂਦੀਆਂ ਹਨ ਡਾਇਰੈਕਟੋਰੇਟ ਦੇ ਅਮਲੇ ਦਾ ਪ੍ਰਬੰਧਕੀ ਕੰਟਰੋਲ ਉਨ੍ਹਾ ਦੇ ਅਧੀਨ ਹੈ । |

## ਚੈਪਟਰ 4 ( ਮੈਨੂਅਲ -3)

## ਕੰਮਾ ਦੇ ਨਿਪਟਾਰੇ ਲਈ ਨਿਯਮ, ਵਿਨਿਯਮ, ਹਦਾਇਤਾਂ, ਨਿਯਮਾਵਲੀ ਅਤੇ ਰਿਕਾਰਡ

| ਲੜੀ ਨੰ: | ਦਸਤਾਵੇਜ ਦਾ ਨਾਂ ਅਤੇ ਸਿਰਲੇਖ | ਰਿਕਾਰਡ ਦਾ ਪ੍ਰਕਾਰ |
|---|---|---|
| 1. | ਪੰਜਾਬ ਯਾਤਰਾ ਵਿਭਾਗ ( ਗਰੁਪ ਏ ) ਸਰਵਿਸ ਰੂਲਜ 2001 | ਸੇਵਾ ਨਿਯਮ |
| 2. | ਪੰਜਾਬ ਯਾਤਰਾ ( ਗਰੁਪੱ ਬੀ ) ਸਰਵਿਸ ਰੂਲਜ 2001 | ਸੇਵਾ ਨਿਯਮ |
| 3. | ਪੰਜਾਬ ਯਾਤਰਾ ਹੈਡ ਆਫਿਸ ( ਗਰੁਪ ਸੀ ) ਸਰਵਿਸ ਰੂਲਜ 2001 | ਸੇਵਾ ਨਿਯਮ |
| 4. | ਪੰਜਾਬ ਯਾਤਰਾ ਫੀਲਡ ਸਟਾਫ ( ਗਰੁਪ ਸੀ ) ਸਰਵਿਸ ਰੂਲਜ 2001 | ਸੇਵਾ ਨਿਯਮ |
| 5. | ਪੰਜਾਬ ਰਾਜ ( ਦਰਜਾ ਚਾਰ ) ਸੇਵਾ ਨਿਯਮ 1963 ਅਤੇ ਸਮੇ ਸਮੇ ਸਿਰ ਕੀਤੀਆਂ ਸੋਧਾ ਸਮੇਤ | ਸੇਵਾ ਨਿਯਮ |
| 6. | ਸੇਵਾ ਮਾਮਲਿਆਂ ਸਬੰਧੀ ਮੁੱਖ ਸਕੱਤਰ ਪੰਜਾਬ ਸਰਕਾਰ ਵਲੋਂ ਸਮੇ ਸਮੇ ਸਿਰ ਜਾਰੀ ਕੀਤੀਆਂ ਹਦਾਇਤਾ ਦੀ ਨਿਯਮਾਵਲੀ ( ਮੈਨੂਅਲ ) | ਨਿਯਮਾਵਲੀ (ਮੈਨੂਅਲ) |
| 7. | ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ , ਭਾਗ 1 ਅਤੇ 11 ਜਿਲਦ 1 ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਭਾਗ 11 ਅਤੇ ਭਾਗ 111 ( ਟੀ ਏ ਰੂਲਜ ) | ਸੇਵਾ ਨਿਯਮ |
| 8. | ਸੇਵਾ ਮਾਮਲਿਆਂ ਸਬੰਧੀ ਵਿੱਤ ਵਿਭਾਗ ਵਲੋਂ ਸਮੇ ਸਮੇ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਨਿਯਮਾਵਲੀ ( ਮੈਨੂਅਲ ) | ਵਿੱਤੀ ਨਿਯਮਾਵਲੀ ( ਮੈਨੂਅਲ ) |
| 9. | ਪੰਜਾਬ ਵਿੱਤੀ ਨਿਯਮਾਵਲੀ , ਭਾਗ 1 | ਵਿੱਤ ਨਿਯਮ |
| 10. | ਪੰਜਾਬ ਸਰਕਾਰ ਵਿੱਤ ਵਿਭਾਗ ਵਲੋ ਜਾਰੀ ਬਜਟ ਮੈਨੂਅਲ | ਬਜਟ ਨਿਯਮਾਵਲੀ |
| 11. | ਪੰਜਾਬ ਸਰਕਾਰ ਸਰਕਾਰੀ ਕਰਮਚਾਰੀ ਆਚਰਨ ਨਿਯਮ 1966( ਪੰਜਾਬ ਸਰਕਾਰ ਵਲੋ ਸਮੇ ਸਮੇ ਸਿਰ ਕੀਤੀਆਂ ਸੋਧਾ ਸਮੇਤ ) | ਸੇਵਾ ਨਿਯਮ |
| 12. | ਪੰਜਾਬ ਸਿਵਲ ਸੇਵਾਵਾਂ ( ਦੰਡ ਅਤੇ ਅਪੀਲ)ਨਿਯਮਾਵਲੀ 1970ਸਮੇ ਸਮੇ ਸਿਰ ਕੀਤੀਆਂ ਸੋਧਾ ਸਮੇਤ । | ਸੇਵਾ ਨਿਯਮ |

**ਨਿਯਮ, ਵਿਨੀਅਮ , ਹਦਾਇਤਾਂ , ਨਿਯਮਾਵਲੀ ਅਤੇ ਰਿਕਾਰਡ ਦੀਆਂ ਕਾਪੀਆਂ ਕਿਥੋ ਪ੍ਰਾਪਤ ਕਰ ਸਕਦੇ ਹੋ :-**

| | | |
|---|---|---|
| 1. | ਲੜੀ ਨੰ: 1 ਤੋ 04 | ਡਾਇਰੈਕਟੋਰੇਟ ਯਾਤਰਾ ਵਿਭਾਗ,ਪੰਜਾਬ,ਪਲਾਟ ਨੰ: 03, ਸੈਕਟਰ 38-ਏ, ਚੰਡੀਗੜ੍ਹ । |
| 2. | ਲੜੀ ਨੰ: 5,6,8,10,11 ਅਤੇ 12 | ਮੁੱਖ ਸਕੱਤਰ ਪੰਜਾਬ ਸਰਕਾਰ ਅਤੇ ਵਿੱਤ ਵਿਭਾਗ,ਪੰਜਾਬ , ਪੰਜਾਬਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ । |
| 3. | ਲੜੀ ਨੰ: 7 ਅਤੇ 9 | ਪੰਜਾਬ ਗੌਰਮਿੰਟ ਪ੍ਰੈਸ , ਮੋਹਾਲੀ , ਰੋਪੜ । |

ਵਿਭਾਗ ਵਲੋ ਰੂਲਾਂ, ਵਿਨਿਯਮ, ਹਦਾਇਤਾਂ , ਨਿਯਮਾਵਲੀ ਅਤੇ ਰਿਕਾਰਡ ਦੀਆਂ ਕਾਪੀਆਂ ਦੇਣ ਲਈ ਵਿਭਾਗ ਵਲੋ ਚਾਰਜ ਕੀਤੀ ਜਾਣ ਵਾਲੀ ਫੀਸ

ਵਿਭਾਗ ਵਿਖੇ ਉਪਲਬਧ ਨਿਯਮ ਵਿਨੀਯਮ ਹਦਾਇਤਾਂ ਨਿਯਮਾਵਲੀ ਅਤੇ ਰਿਕਾਰਡ ਸਬੰਧੀ ਹਾਲਾਂ ਕੋਈ ਫੀਸ ਨਿਰਧਾਰਤ ਨਹੀ ਹੋਈ ।

ਇਸ ਬਾਰੇ ਪੰਜਾਬ ਸਰਕਾਰ ਦੁਆਰਾ ਨਿਰਧਾਰਤ ਕੀਤੀ ਕੀਮਤ ਸਬੰਧੀ ਪੰਜਾਬ ਗੋਰਮਿੰਟ ਪ੍ਰੈਸ ਮੋਹਾਲੀ ਜਿਲਾ ਰੋਪੜ ਤੋ ਹੀ ਵੇਰਵੇ ਪ੍ਰਾਪਤ ਹੋ ਸਕਣਗੇ ।

ਚੈਪਟਰ 5

ਮੈਨੂਅਲ-4

ਨੀਤੀ ਨਿਰਧਾਰਣ ਜਾਂ ਇਸ ਨੂੰ ਲਾਗੂ ਕਰਨ ਲਈ ਜਨਤਾ ਜਾਂ ਲੋਕਾਂ ਦੇ ਪ੍ਰਤੀਨਿਧੀਆਂ ਨਾਲ ਸਲਾਹ ਕਰਨ ਲਈ ਗਠਤ ਵਿਵਸਥਾ ਦਾ ਵੇਰਵਾ ।

5.1 ਕੀ ਵਿਭਾਗ ਵਲੋਂ ਨੀਤੀ ਨਿਰਧਾਰਣ ਜਾਂ ਇਸ ਨੂੰ ਲਾਗੂ ਕਰਨ ਲਈ ਜਨਤਾ ਜਾਂ ਲੋਕਾ ਦੇ ਪ੍ਰਤੀਨਿਧੀਆਂ ਨਾਲ ਸਲਾਹ/ ਸਮੂਲੀਅਤ ਦਾ ਕੋਈ ਉਪਬੰਧ ਹੈ । ਜੇਕਰ ਹੈ ਤਾ ਇਸ ਪ੍ਰਬੰਧ ਦਾ ਵੇਰਵਾ ਹੇਠ ਲਿਖੇ ਫਾਰਮ ਵਿਚ ਪੇਸ਼ ਕਰੋ

| ਲੜੀ ਨੰ: | ਵਿਸ਼ੇ ਦਾ ਨਾਂ | ਕੀ ਇਸ ਵਿਸ਼ੇ ਤੇ ਜਨਤਾ ਦੀ ਭਾਗੀਦਾਰੀ ਜਰੂਰੀ ਹੈ ਹਾਂ / ਨਾਂਹ | ਜਨਤਾ ਦੀ ਭਾਗੀਦਾਰੀ ਨੂੰ ਯਕੀਨੀ ਬਨਾਉਣ ਲਈ ਕੀਤਾ ਉਪਬੰਧ । |
|---|---|---|---|
| 1. | ਰਾਜ ਸਰਕਾਰ ਸਲਾਹਕਾਰ ਕਮੇਟੀ, ਪਸ਼ੂਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਅਤੇ ਸੈਰਸਪਾਟਾ ਵਿਭਾਗ ਦਾ ਗਠਨ ਪੰਜਾਬ ਸਰਕਾਰ ਵਲੋਂ ਅਧੀਸੂਚਨਾ ਨੰ: 1/1/2002 -2ਖਸਸਕ/7833 ਮਿਤੀ 24-05-2005 ਰਾਹੀ ਕੀਤਾ ਗਿਆ ਹੈ । ਕਮੇਟੀ ਦੇ ਪ੍ਰਧਾਨ / ਚੇਅਰਮੇਨ, ਮੰਤਰੀ ਪਸ਼ੂ ਪਾਲਨ , ਡੇਅਰੀ ਵਿਕਾਸ ਅਤੇ ਮੱਛੀ ਪਾਲਨ ਅਤੇ ਸੈਰਸਪਾਟਾ ਮੰਤਰੀ ਹਨ । ਇਸ ਵਿੱਚ ਵਿਧਾਨ ਸਭਾ ਦੇ 10 ਜਨਪ੍ਰਤੀਨਿਧਾ ਤੋ ਇਲਾਵਾ 05 ਸਰਕਾਰੀ ਮੈਬਰ ਸ਼ਾਮਲ ਹਨ । | ਇਸ ਕਮੇਟੀ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਮੈਬਰ ਸ਼ਾਮਲ ਹਨ । | ਅਧੀਸੂਚਨਾ ਅਨੁਸਾਰ ਮੀਟਿੰਗ ਦਾ ਕੋਰਮ ਚੇਅਰਮੈਨ ਸਮੇਤ ਤਿੰਨ ਗੈਰਸਰਕਾਰੀ ਮੈਬਰਾਂ ਦਾ ਹੈ , ਜਿਸ ਤੋ ਜਨਤਾ ਦੀ ਭਾਗੀਦਾਰੀ ਯਕੀਨੀ ਹੁੰਦੀ ਹੈ । |

ਨੀਤੀ ਲਾਗੂ ਕਰਨ ਬਾਰੇ ।

5.2 ਕੀ ਨੀਤੀਆਂ ਲਾਗੂ ਕਰਨ ਲਈ ਜਨਤਾ ਜਾਂ ਜਨਤਾ ਦੇ ਪ੍ਰਤੀਨਿਧੀਆਂ ਦੀ ਸਲਾਹ ਲੈਣ ਜਾਂ ਜਨਤਾ ਦੀ ਸ਼ਮੂਲੀਅਤ ਦਾ ਕੋਈ ਉਪਬੰਧ ਹੈ ਜੇਕਰ ਹਾਂ ਕੀਤੇ ਉਪਬੰਧਾ ਦਾ ਹੇਠ ਲਿਖੇ ਫਾਰਮ ਵਿੱਚ ਵੇਰਵਾ ਦਿੱਤਾ ਜਾਵੇ ।

| ਲੜੀ ਨੰ: | ਵਿਸ਼ਾ/ ਸਿਰਲੇਖ | ਕੀ ਜਨਤਾ ਦੀ ਸਮੂਲੀਅਤ ਜਰੂਰੀ ਹੈ ( ਹਾਂ / ਨਾਂਹ ) | ਜਨਤਾ ਦੀ ਸਮੂਲੀਅਤ ਪ੍ਰਾਪਤ ਕਰਨ ਦੇ ਪ੍ਰਬੰਧ |
|---|---|---|---|
| 1. | ਸਰਕਾਰੀ ਨੀਤੀਆਂ ਬਨਾਉਣ, ਲਾਗੂ ਕਰਨ ਅਤੇ ਲੋਕ ਹਿੱਤ ਦੇ ਮਾਮਲਿਆਂ ਬਾਰੇ ਸਰਕਾਰ ਨੂੰ ਸਲਾਹ ਦੇਣ ਬਾਰੇ ਪੰਜਾਬ ਵਿਧਾਨ ਸਭਾ ਦੇ ਮੈਬਰਾਂ ਦੀ ਸਲਾਹਕਾਰ ਕਮੇਟੀ | ਹਾਂ । ਜਨਤਾ ਦੇ ਪ੍ਰਤੀਨਿਧਾ ਦੀ ਸਮੂਲੀਅਤ ਦਾ ਉਪਬੰਧ ਹੈ । | ਅਧੀਸੂਚਨਾ ਅਨੁਸਾਰ ਮੀਟਿੰਗ ਦੇ ਕੋਰਮ ਵਿਚ ਚੇਅਰਮੈਨ ਸਮੇਤ ਤਿੰਨ ਗੈਰਸਰਕਾਰੀ ਮੈਬਰਾਂ ਦਾ ਹੋਣਾ ਲਾਜਮੀ ਕੀਤਾ ਗਿਆ ਹੈ |

## ਅਧਿਆਏ 6 ( ਮੈਨੂਅਲ 5)
## ਲੋਕ ਅਥਾਰਟੀ ਪਾਸ ਅਤੇ ਇਸ ਦੇ ਅਧੀਨ ਉਪਲਬਧ ਦਸਤਾਵੇਜ ਦੀ ਸੂਚੀ

6.1

| ਲੜੀ ਨੰ: | ਦਸਤਾਵੇਜਾਂ ਦੀ ਕਿਸਮ | ਦਸਤਾਵੇਜ ਦਾ ਨਾ ਅਤੇ ਇਸ ਦੀ ਪਛਾਣ ਬਾਰੇ ਇੱਕ ਸਤਰ | ਦਸਤਾਵੇਜ ਪ੍ਰਾਪਤ ਕਰਨ ਦੀ ਵਿਧੀ | ਜਿਸ ਦੇ ਪਾਸ / ਅਧੀਨ ਹਨ |
|---|---|---|---|---|
| 1. | ਪੰਜਾਬ ਯਾਤਰਾ ਵਿਭਾਗ( ਗਰੁੱਪ ਏ, ਬੀ ) (ਮਨਿਸਟੀਰੀਅਲ )ਪੰਜਾਬ ਯਾਤਰਾ ( ਹੈਡ ਆਫਿਸ ) ਗਰੁਪ ਏ, ਪੰਜਾਬ ਯਾਤਰਾ (ਹੈਡ ਆਫਿਸ ) ਗਰੁਪ ਬੀ ਅਤੇ ਸੀ ਅਤੇ ਪੰਜਾਬ ਯਾਤਰਾ (ਫੀਲਡ ਸਟਾਫ ) ਗਰੁਪ ਸੀ ਸੇਵਾ ਨਿਯਮ | ਵਿਭਾਗੀ ਸੇਵਾ ਨਿਯਮ | ਇਹ ਸੇਵਾ ਨਿਯਮ ਵਿਭਾਗੀ ਕਾਰਵਾਈ/ਵਰਤੋ ਲਈ ਹਨ । ਫਿਰ ਜੇਕਰ ਕੋਈ ਇਨ੍ਹਾ ਸਬੰਧੀ ਸੂਚਨਾ ਵੇਰਵਾ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਕਰਵਾਇਆ ਜਾ ਸਕਦਾ ਹੈ । | ਡਾਇਰੈਕਟੋਰੇਟ ਯਾਤਰਾ ਵਿਭਾਗ,ਪੰਜਾਬ , ਪਲਾਟ ਨੰ: 03, ਸੈਕਟਰ 38-ਏ, ਚੰਡੀਗੜ੍ਹ -160036 । |
| 2. | ਪੰਜਾਬ ਰਾਜ ( ਦਰਜਾ 4)ਸੇਵਾ ਨਿਯਮ 1963 ਸਮੇ ਸਮੇ ਸਿਰ ਸੋਧਾ ਸਮੇਤ । | ਦਰਜਾ 4(ਗਰੁੱਪ ਡੀ ) ਸੇਵਾ ਨਿਯਮ) | ਉਪਰੋਕਤ ਅਨੁਸਾਰ | ਉਪਰੋਕਤ ਅਤੇ ਮੁਖ ਸਕੱਤਰ ਪੰਜਾਬ ਸਰਕਾਰ, ਪੰਜਾਬ ਸਿਵਲ ਸਕਤਰੇਤ , ਸੈਕਟਰ 1, ਚੰਡੀਗੜ੍ਹ । |
| 3 | ਨਵੀ ਸੈਰਸਪਾਟਾ ਨੀਤੀ 2003 | ਪੰਜਾਬ ਵਿੱਚ ਟੂਰਿਜਮ ਦੇ ਵਿਕਾਸ ਸਬੰਧੀ ਅਤੇ ਪ੍ਰਾਈਵੇਟ ਸੈਕਟਰ ਵਿੱਚ ਟੂਰਿਜਮ ਢਾਂਚੇ ਵਿੱਚ ਪੂੰਜੀ ਨਿਵੇਸ਼ ਲਈ ਰਿਆਇਤਾਂ | ਉਪਰੋਕਤ ਅਨੁਸਾਰ | ਡਾਇਰੈਕਟੋਰੇਟ ਯਾਤਰਾ ਵਿਭਾਗ,ਪੰਜਾਬ , ਪਲਾਟ ਨੰ: 03, ਸੈਕਟਰ 38-ਏ, ਚੰਡੀਗੜ੍ਹ -160036 । |

## ਅਧਿਆਏ -7 ( ਮੈਨੂਅਲ -6)

### ਬੋਰਡ , ਪ੍ਰੀਸ਼ਦਾਂ , ਕਮੇਟੀਆਂ ਅਤੇ ਹੋਰ ਅਦਾਰਿਆਂ ਬਾਰੇ ਵੇਰਵਾ

7.1 ਲੋਕ ਅਥਾਰਟੀ ਨਾਲ ਸਬੰਧਤ ਬੋਰਡਾਂ, ਪ੍ਰੀਸ਼ਦਾਂ, ਕਮੇਟੀਆਂ ਅਤੇ ਹੋਰ ਅਦਾਰਿਆਂ ਬਾਰੇ ਹੇਠ ਲਿਖੇ ਵੇਰਵੇ ਦਿੱਤੇ ਜਾਣ :-

ਵਿਭਾਗ ਅਧੀਨ ਇਸ ਸਮੇ ਨਾਲ ਸ਼ਾਮਲ ਅਨੁਲਗ 2ਅਤੇ 3 ਅਨੁਸਾਰ ਕਮੇਟੀ ਕੰਮ ਕਰ ਰਹੀ ਹੈ।

ਅਨੁਲਗ -3 ( 7.1 ਨਾਲ ਸਬੰਧਤ)

| | |
|---|---|
| * ਸਬੰਧਤ ਸੰਸਥਾ ਦਾ ਨਾਂ ਅਤੇ ਪਤਾ | ਪੰਜਾਬ ਰਾਜ ਪੱਧਰੀ ਸਲਾਹਕਾਰ ਕਮੇਟੀ ਮੁੱਖ ਮੰਤਰੀ ਜੀ ਨੂੰ ਯਾਤਰਾ ਤੇ ਸਭਿਆਚਾਰਕ ਵਿਸ਼ਿਆਂ ਬਾਰੇ ਸਲਾਹ ਦੇਣ ਲਈ । ਚੇਅਰਮੈਨ, ਇਨਟੈਕ, 71-ਲੋਧੀ ਐਸਟੇਟ, ਨਵੀ ਦਿੱਲੀ । |
| * ਸਬੰਧਤ ਸੰਸਥਾ ਦੀ ਕਿਸਮ( ਬੋਰਡ , ਕੌਂਸਲ , ਕਮੇਟੀ ਜਾਂ ਹੋਰ ਅਦਾਰਾ ) | ਪੰਜਾਬ ਸਰਕਾਰ ਵਲੋਂ ਅਧਿਸੂਚਨਾ ਨੰ: 1/2/27/2002-3ਯਸ/909 ਮਿਤੀ 29-05-2002 ਰਾਹੀ ਗਠਤ ਕੀਤੀ ਹੈ । ਇਹ ਕਮੇਟੀ ਪੰਜਾਬ ਰਾਜ ਵਿੱਚ ਟੂਰਿਜਮ ਅਤੇ ਸਭਿਆਚਾਰ ਨੂੰ ਪ੍ਰਫੁਲੱਤ ਕਰਨ ਲਈ ਮੁੱਖ ਮੰਤਰੀ ਜੀ ਦੀ ਸਲਾਹ ਲਈ ਗਠਤ ਕੀਤੀ ਗਈ ਹੈ । |
| * ਸੰਬਧਤ ਸੰਸਥਾ ਬਾਰੇ ਸੰਖੇਪ ਜਾਣਕਾਰੀ । | ਇਹ ਸੰਸਥਾ ਸਰਕਾਰ ਵਲੋਂ ਇੱਕ ਅਧਿਸੂਚਨਾ ਰਾਹੀ ਮਿਤੀ 29-05-2002 ਨੂੰ ਗਠਤ ਕੀਤੀ ਗਈ ਸੀ , ਇਸਦੀ ਮਿਆਦ 31.03.2003 ਤਕ ਸੀ , ਇਸ ਦੀ ਮਿਆਦ ਸਰਕਾਰ ਵਲੋਂ ਇੱਕ ਸਾਲ ਹੋਰ ਭਾਵ 31.03.2004 ਤਕ ਵਧਾ ਦਿੱਤੀ ਗਈ ਸੀ ਅਤੇ ਮਿਤੀ 1-04-2004 ਤੋਂ ਇਸਦੀ ਮਿਆਦ ਵਿੱਚ ਵਾਧਾ ਕਰਨ ਬਾਰੇ ਕੇਸ ਸਰਕਾਰ ਦੇ ਵਿਚਾਰਾਧੀਨ ਹੈ । |
| ਸਬੰਧਤ ਸੰਸਥਾ ਦਾ ਪਾਰਟ ( ਸਲਾਹਕਾਰ/ਪ੍ਰਬੰਧਕੀ / ਕਾਰਜਕਾਰੀ / ਹੋਰ ) | ਰਾਜ ਵਿੱਚ ਟੂਰਿਜਮ ਅਤੇ ਸਭਿਆਚਾਰ ਮੁਦਿੱਆਂ ਬਾਰੇ ਮੁੱਖ ਮੰਤਰੀ ਪੰਜਾਬ ਨੂੰ ਸਲਾਹ ਦੇਣ । |
| * ਸਰੂਪ ਅਤੇ ਵਰਤਮਾਨ ਮੈਬਰ | ਇਸ ਕਮੇਟੀ ਦੇ ਮੈਬਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-<br>1. ਸ਼੍ਰੀ ਐਸ.ਕੇ ਮਿਸ਼ਰਾ, ਚੇਅਰਮੈਨ, ਇਨਟੈਕ — ਚੇਅਰੈਮਨ<br>2. ਮਿਸ ਗੁਰਮੀਤ ਐਸ. ਰਾਇ, — ਮੈਬਰ<br>3. ਡਾ: ਉ.ਪੀ ਅਗਰਵਾਲ , ਇਨਟੈਕ ਦੇ ਪ੍ਰਤੀਨਿਧੀ । — ਮੈਬਰ<br>4. ਬ੍ਰਿਗੇਡੀਅਰ ਸੁਖਜੀਤ ਸਿੰਘ,ਕਪੂਰਥਲਾ — ਮੈਬਰ<br>5. ਡਾ: ਸੁਖਦੇਵ ਸਿੰਘ, ਲੈਕਚਰਾਰ, ਗੁਰੂਨਾਨਕ ਦੇਵ ਯੂਨਿਵਰਸਟੀ , ਅਮ੍ਰਿਤਸਰ — ਮੈਬਰ<br>6. ਡਾ: ਵੀ.ਐਨ . ਗੋਸਵਾਮੀ, ਆਰਟ ਹਿਸਟੋਰੀਅਨ , ਚੰਡੀਗੜ੍ਹ — ਮੈਬਰ<br>7. ਡਾ: ਸਾਵਿਯਾ ਸਾਚੀ, ਫੈਕੁਲਟੀ ਮੈਬਰ , ਸੋਸ਼ਾਲੋਜੀ ਵਿਭਾਗ ਜਾਮਿਯਾ -ਮਿਲਿਆ - ਇਸਲਾਮੀਆ ਯੂਨਿਵਰਸਟੀ — ਮੈਬਰ<br>8. ਸ਼੍ਰੀਮਤੀ ਸੀ ਟੀ ਮਿਸ਼ਰਾ,<br>9. ਮਿਸ ਅਨੀਤਾ ਸਿੰਘ , ਨਵੀ ਦਿੱਲੀ — ਮੈਬਰ<br>10. ਸਕੱਤਰ ਪੰਜਾਬ ਸਰਕਾਰ, ਅਰਬਨ ਵਿਕਾਸ ਵਿਭਾਗ — ਐਕਸ ਆਫਿਸਿਉ ਮੈਬਰ ।<br>11. ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ,ਚੰਡੀਗੜ੍ਹ । — - ਉਹੀ -<br>12. ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ,ਚੰਡੀਗੜ੍ਹ — - ਉਹੀ -<br>13. ਪ੍ਰਮੁੱਖ ਸਕੱਤਰ / ਮੁੱਖ ਮੰਤਰੀ ਪੰਜਾਬ — - ਉਹੀ -<br>14. ਸਕੱਤਰ ਪੰਜਾਬ ਸਰਕਾਰ, ਯਾਤਰਾ ਵਿਭਾਗ,ਪੰਜਾਬ — - ਉਹੀ -<br>15. ਸਕੱਤਰ ਪੰਜਾਬ ਸਰਕਾਰ, ਸਭਿਆਚਾਰਕ ਮਾਮਲੇ ਵਿਭਾਗ — -ਉਹੀ- |
| ਸਸੰਥਾ ਦਾ ਮੁੱਖੀ | ਚੇਅਰਮੈਂਨ , ਰਾਜ ਪੱਧਰੀ ਸਲਾਹਕਾਰ ਕਮੇਟੀ । |
| ਇਸ ਦੇ ਮੁੱਖ ਦਫਤਰ ਅਤੇ ਸ਼ਾਖਾਵਾਂ ਦਾ ਪਤਾ | 71- ਲੋਧੀ ਐਸਟੇਟ, ਨਵੀ ਦਿੱਲੀ । |

| | |
|---|---|
| ਮੀਟਿੰਗ ਦਾ ਵਕਫਾ | ਕੋਈ ਨਹੀ। |
| ਕੀ ਮੀਟਿੰਗ ਵਿਚ ਲੋਕਾਂ ਦੀ ਸ਼ਮੂਲੀਅਤ ਹੈ। | ਕਮੇਟੀ ਵਿੱਚ ਦਿਤੇ ਵੇਰਵੇ ਅਨੁਸਾਰ ਅਜਿਹਾ ਕੋਈ ਉਪਬੰਧ ਨਹੀ ਹੈ। |
| ਕੀ ਮੀਟਿੰਗ ਦੀ ਕਾਰਵਾਈ ਤਿਆਰ ਕੀਤੀ ਜਾਂਦੀ ਹੈ। | ਜੀ ਹਾਂ। |